**ਮਿਤੀ 16.02.2016 ਨੂੰ ਮਾਨਯੋਗ ਸ਼੍ਰੀ ਚੁੰਨੀ ਲਾਲ ਭਗਤ, ਕਿਰਤ ਮੰਤਰੀ ਪੰਜਾਬ-ਕਮ-ਚੇਅਰਮੈਨ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਹੋਈ 20ਵੀਂ ਮੀਟਿੰਗ ਦੀ ਕਾਰਵਾਈ ਰਿਪੋਰਟ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ 20ਵੀਂ ਮੀਟਿੰਗ,ਮਾਨਯੋਗ ਸ੍ਰੀ ਚੁੰਨੀ ਲਾਲ ਭਗਤ, ਚੇਅਰਮੈਨ ਬੋਰਡ-ਕਮ-ਕਿਰਤ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 16.02.2016 ਨੂੰ ਸਮਾਂ 12.30 ਵਜੇ (ਦੁਪਹਿਰ) ਪੰਜਾਬ ਭਵਨ, ਸੈਕਟਰ-3,ਚੰਡੀਗੜ੍ਹ ਵਿਖੇ ਹੋਈ।ਮੀਟਿੰਗ ਵਿੱਚ ਉਪਸਥਿਤ ਮੈਂਬਰਾਂ/ਪ੍ਰਤੀਨਿਧਾਂ ਦੇ ਨਾਮ **ਅਨੁਲੱਗ 'ੳ'** ਵਿੱਚ ਦਰਜ ਕੀਤੇ ਗਏ ਹਨ।

ਮੀਟਿੰਗ ਦੇ ਅਰੰਭ ਵਿੱਚ ਸ੍ਰੀ ਸੋਢੀ ਮੱਲ, ਵਧੀਕ ਡਾਇਰੈਕਟਰ ਆਫ ਫੈਕਟਰੀਜ਼ ਜਿਨਾ ਪਾਸ ਕਿਰਤ ਕਮਿਸ਼ਨਰ ਪੰਜਾਬ-ਕਮ-ਸਕੱਤਰ ਬੋਰਡ ਦਾ ਵਾਧੂ ਚਾਰਜ ਹੈ,ਵਲੋਂ ਮਾਨਯੋਗ ਕਿਰਤ ਮੰਤਰੀ ਪੰਜਾਬ-ਕਮ-ਚੇਅਰਮੈਨ ਬੋਰਡ ਜੀ ਨੂੰ ਅਤੇ ਬਾਕੀ ਮੈਂਬਰ ਸਾਹਿਬਾਨ ਨੂੰ "ਜੀ ਆਇਆਂ" ਆਖਿਆ ਗਿਆ। ਮੈਂਬਰ ਸਕੱਤਰ ਵਲੋਂ ਮੈਂਬਰ ਸਾਹਿਬਾਨ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਭਾਰਤ ਦੇ ਸਾਰੇ ਰਾਜਾਂ ਦੇ ਕੰਸਟ੍ਰਕਸ਼ਨ ਬੋਰਡਾਂ ਦੀ ਕਾਰਗੁਜਾਰੀ ਦੀ ਸਮੀਖਿਆ ਕਰਨ ਸਬੰਧੀ ਮਿਤੀ 6.1.2016 ਨੂੰ ਦਿੱਲੀ ਵਿਖੇ ਕੇਂਦਰ ਸਰਕਾਰ ਵਲੋਂ ਰੱਖੀ ਮੀਟਿੰਗ ਦੌਰਾਨ ਪੰਜਾਬ ਕੰਸਟ੍ਰਕਸ਼ਨ ਵਰਕਰਜ ਵੈਲਫੇਅਰ ਬੋਰਡ ਅਤੇ ਦੂਜੇ ਰਾਜਾਂ ਵਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਪ੍ਰੇਖਣ ਕਰਦੇ ਹੋਏ ਉਨਾਂ ਵਲੋਂ ਪਾਇਆ ਗਿਆ ਕਿ ਪੰਜਾਬ ਕੰਸਟ੍ਰਕਸ਼ਨ ਵਰਕਰਜ ਵੈਲਫੇਅਰ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਉਸਾਰੀ ਕਿਰਤੀਆਂ ਲਈ ਵਧੀਆ ਅਤੇ ਲਾਹੇਵੰਦ ਹਨ ਅਤੇ ਨਮੂਨੇ ਵਜੋਂ ਦੂਜੇ ਰਾਜਾਂ ਨੂੰ ਵੀ ਪੰਜਾਬ ਕੰਸਟ੍ਰਕਸ਼ਨ ਬੋਰਡ ਦੀਆਂ ਭਲਾਈ ਸਕੀਮਾਂ ਨੂੰ ਵਿਚਾਰਨ ਅਤੇ ਅਪਨਾਉਣ ਲਈ ਕਿਹਾ ਗਿਆ ਹੈ।ਇਸ ਸਬੰਧੀ ਮਾਨਯੋਗ ਚੇਅਰਮੈਨ ਅਤੇ ਉਪਸਥਿਤ ਮੈਂਬਰ ਸਾਹਿਬਾਨ ਵਲੋਂ ਪ੍ਰਸ਼ੰਸਾ ਦਾ ਪ੍ਰਗਟਾਵਾ ਕੀਤਾ ਗਿਆ।ਇਸ ਉਪਰੰਤ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਮੀਟਿੰਗ ਦੀ ਕਾਰਵਾਈ ਆਰੰਭ ਕੀਤੀ ਗਈ। ਮੈਂਬਰ ਸਕੱਤਰ ਵਲੋਂ ਮੀਟਿੰਗ ਦੇ ਵੱਖ-ਵੱਖ ਅਜੰਡਿਆਂ ਬਾਰੇ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦਿਤੀ ਗਈ, ਜਿਨ੍ਹਾਂ ਬਾਰੇ ਬੋਰਡ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਆਈਟਮ ਨੰ:1** **ਬੋਰਡ ਦੀ 19ਵੀਂ ਮੀਟਿੰਗ ਮਿਤੀ 23.12.2015 ਦੀ ਕਾਰਵਾਈ ਦੀ ਪੁਸ਼ਟੀ।**

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੀ ਮਿਤੀ 23.12.2015 ਨੂੰ ਹੋਈ 19ਵੀਂ ਮੀਟਿੰਗ ਦੀ ਕਾਰਵਾਈ ਸਮੂਹ ਮੈਂਬਰ ਸਾਹਿਬਾਨ ਨੂੰ ਪੱਤਰ ਨੰ:ਬਕਵਵਬ/ਮੀਟਿੰਗ/2015-16/205-224, ਮਿਤੀ 11.1.2016 ਰਾਹੀਂ ਭੇਜ ਦਿਤੀ ਗਈ ਸੀ, ਜਿਸ ਬਾਰੇ ਕਿਸੇ ਮੈਂਬਰ ਪਾਸੋਂ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ। ਇਸ ਅਨੁਸਾਰ ਬੋਰਡ ਵਲੋਂ 19ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਆਈਟਮ ਨੰ:2** **ਬੋਰਡ ਦੀ 19ਵੀਂ ਮੀਟਿੰਗ ਵਿਚ ਲਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ।**

ਮੈਂਬਰ ਸਕੱਤਰ ਵਲੋਂ ਬੋਰਡ ਦੀ 19ਵੀਂ ਮੀਟਿੰਗ ਸਬੰਧੀ ਆਈਟਮ ਵਾਈਜ ਕੀਤੀ ਕਾਰਵਾਈ ਬਾਰੇ ਐਨੋਟੇਟਿਡ ਫਾਰਮ ਵਿਚ ਮੈਂਬਰਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿਤੀ ਗਈ। ਮੈਂਬਰ ਸਾਹਿਬਾਨ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਆਈਟਮ ਵਿਚ ਹੇਠ ਲਿਖੀਆਂ ਮੱਦਾਂ ਤੇ ਪੁਨਰ ਵਿਚਾਰ ਕਰਦੇ ਹੋਏ ਹੇਠ ਲਿਖੇ ਅਨੁਸਾਰ ਮੁੜ ਫੈਸਲੇ ਲਏ ਗਏ:-

**12ਵੀਂ ਮੀਟਿੰਗ ਅਜੰਡਾ ਆਈਟਮ ਨੰ: 8** **ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿੱਚ 9ਵੀਂ ਤੋਂ 12ਵੀਂ ਤੱਕ ਪੜ੍ਹਾਈ ਦੌਰਾਨ ਸਾਈਕਲ ਦੀ ਖ੍ਰੀਦ ਲਈ ਸਾਈਕਲ ਸਕੀਮ।**

ਮੈਂਬਰ ਸਕੱਤਰ ਵਲੋਂ ਦਸਿਆ ਗਿਆ ਕਿ ਕੰਟਰੋਲਰ ਆਫ ਸਟੋਰਜ਼ ਵਲੋਂ ਸਾਈਕਲ ਦੀ ਖ੍ਰੀਦ ਲਈ ਮੰਗੇ ਗਏ ਟੈਂਡਰਾਂ ਦੀ ਟੈਕਨੀਕਲ ਬਿਡ ਮਿਤੀ 10.2.2016 ਨੂੰ ਖੋਲੀ ਗਈ। ਉਨ੍ਹਾਂ ਵਲੋਂ ਟੈਕਨੀਕਲ ਬਿਡ ਫਾਈਨਲ ਹੋਣ ਉਪਰੰਤ ਫਾਈਨੈਂਸ਼ਲ ਬਿਡ ਖੋਲੀ ਜਾਵੇਗੀ ਅਤੇ ਉਸ ਉਪਰੰਤ ਸਾਈਕਲਾਂ ਦੀ ਵੰਡ ਦਾ ਕੰਮ ਅਰੰਭ ਕਰ ਦਿੱਤਾ ਜਾਵੇਗਾ।ਮੈਂਬਰ ਸਾਹਿਬਾਨ ਵਲੋਂ ਇਸ ਨਾਲ ਸੰਤੁਸ਼ਟੀ ਪ੍ਰਗਟ ਕੀਤੀ ਗਈ।

| | |
|---|---|
| 15ਵੀਂ ਮੀਟਿੰਗ ਸਪਲੀਮੈਂਟਰੀ ਅਜੰਡਾ ਆਈਟਮ ਨੰ: 2 | **Recognition of Prior Learning (RPL) ਦੇ concept ਨੂੰ ਆਧਾਰ ਮੰਨਦੇ ਹੋਏ ਪਹਿਲਾਂ ਪ੍ਰਵਾਨਤ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਅਪਗ੍ਰੇਡੇਸ਼ਨ ਅਤੇ ਉਨ੍ਹਾਂ ਦੇ ਬੱਚਿਆਂ ਲਈ ਵੋਕੇਸ਼ਨਲ ਐਜੂਕੇਸ਼ਨਸਕੀਮ ਵਿੱਚ ਸੋਧ ਕਰਨ ਅਤੇ ਸਕੀਮ ਦੇ latest status ਬਾਰੇ।** |

ਮੈਂਬਰ ਸਕੱਤਰ ਵਲੋ ਮੈਂਬਰ ਸਾਹਿਬਾਨ ਨੂੰ ਜਾਣੂੰ ਕਰਵਾਇਆ ਗਿਆ ਕਿ ਬੋਰਡ ਵਲੋਂ ਸਕਿਲ ਡਿਵੈਲਪਮੈਂਟ ਮਿਸ਼ਨ ਨੂੰ 307 ਉਸਾਰੀ ਸਾਈਟਾਂ ਜਿਨ੍ਹਾਂ ਵਿੱਚ 18650 ਉਸਾਰੀ ਕਿਰਤੀ ਕੰਮ ਕਰਦੇ ਪਾਏ ਗਏ, ਦੇ ਵੇਰਵੇ ਭੇਜ਼ ਦਿਤੇ ਗਏ ਹਨ। ਮਿਸ਼ਨ ਵਲੋਂ ਮਿਤੀ 1.1.2016 ਤੋਂ 15 ਉਸਾਰੀ ਸਾਈਟਾਂ ਤੇ ਕੰਮ ਕਰਦੇ 5053 ਉਸਾਰੀ ਕਿਰਤੀਆਂ ਨੂੰ ਆਰ.ਪੀ.ਐਲ ਦੇ ਕੰਸੈਪਟ ਦੇ ਅਧਾਰ ਤੇ ਟ੍ਰੇਨਿੰਗ ਪਾਰਟਨਰਾਂ ਅਤੇ ਟ੍ਰੇਨਿੰਗ ਏਜੰਸੀਆਂ ਨੂੰ ਏਰੀਆ earmark ਕਰਦੇ ਹੋਏ ਟ੍ਰੇਨਿੰਗ ਦੇਣ ਦੀ ਕਾਰਵਾਈ ਸ਼ੁਰੂ ਕੀਤੀ ਜਾ ਚੁੱਕੀ ਹੈ।ਇਸ ਨਾਲ ਮੈਂਬਰ ਸਾਹਿਬਾਨ ਵਲੋਂ ਸੰਤੁਸ਼ਟੀ ਪ੍ਰਗਟ ਕੀਤੀ ਗਈ।

| | |
|---|---|
| 17ਵੀਂ ਮੀਟਿੰਗ ਅਜੰਡਾ ਆਈਟਮ ਨੰ: 6 | **ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਰਾਜ ਦੇ ਚਾਰ ਸ਼ਹਿਰਾਂ ਵਿੱਚ ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਕਰਨ ਬਾਰੇ।** |

ਮੈਂਬਰ ਸਕੱਤਰ ਵਲੋਂ ਦਸਿਆ ਗਿਆ ਕਿ ਰਾਜ ਦੇ ਚਾਰ ਸ਼ਹਿਰਾਂ ਵਿੱਚ ਉਸਾਰੇ ਜਾ ਰਹੇ ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਸਬੰਧੀ ਤਾਜਾ ਸਥਿਤੀ ਹੇਠ ਪ੍ਰਕਾਰ ਹੈ:-

1) **ਅੰਮ੍ਰਿਤਸਰ:** ਬੋਰਡ ਵਲੋਂ ਇੰਪਰੁਵਮੈਂਟ ਟ੍ਰਸਟ ਦੀ 340 ਏਕੜ ਬੀ-ਬਲਾਕ ਇਲਾਕਾ ਵਿਕਾਸ ਸਕੀਮ ਅੰਮ੍ਰਿਤਸਰ ਵਿਖੇ 9866.66 ਵ.ਗ ਜਮੀਨ 7500/- ਪ੍ਰਤੀ ਵ.ਗ ਦੀ ਦਰ ਤੇ 7,56,84,682 ਰੁਪਏ ਦੀ ਇੰਪਰੁਵਮੈਂਟ ਟ੍ਰਸਟ ਅੰਮ੍ਰਿਤਸਰ ਪਾਸੋਂ ਖਰੀਦੀ ਗਈ ਹੈ।ਪੰਜਾਬ ਪੁਲਿਸ ਹਾਉਸਿੰਗ ਕਾਰਪੋਰੇਸ਼ਨ ਦੇ ਨੁਮਾਇੰਦਿਆਂ ਵਲੋਂ ਦੱਸਿਆ ਗਿਆ ਹੈ ਕਿ ਉਸਾਰੀ ਦਾ ਕੰਮ ਕਾਫੀ ਹੋ ਚੁੱਕਾ ਹੈ ਅਤੇ ਮਹੀਨਾ ਅਗਸਤ 2016 ਤੱਕ ਮੁਕੰਮਲ ਹੋ ਜਾਵੇਗਾ।

2) **ਮੁਹਾਲੀ:** ਗਮਾਡਾ ਪਾਸੋਂ ਸੈਕਟਰ-66, ਮੁਹਾਲੀ ਵਿਖੇ 8228 ਵ.ਗ (1.70 ਏਕੜ) ਜਮੀਨ 13475/- ਰੁਪਏ ਪ੍ਰਤੀ ਵ.ਗ ਦੀ ਦਰ ਨਾਲ 11,08,17,939/- ਰੁਪਏ ਦੀ ਖਰੀਦੀ ਗਈ ਹੈ।ਇਸ ਜਮੀਨ ਤੇ ਉਸਾਰੀ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਅਤੇ ਮਹੀਨਾ ਨਵੰਬਰ 2016 ਤੱਕ ਮੁਕੰਮਲ ਹੋ ਜਾਵੇਗਾ।

3) **ਲੁਧਿਆਣਾ:** ਇਹ ਜਮੀਨ ਦੁਗਰੀ ਰੋੜ ਫੇਸ-2 ਤੇ 3 ਬਾਈ ਪਾਸ ਲੁਧਿਆਣਾ ਵਿਖੇ 7744 ਵ.ਗ (1.60 ਏਕੜ) 10,000/- ਪ੍ਰਤੀ ਵ.ਗ ਦੀ ਦਰ ਨਾਲ 7,27,93,600/- ਰੁਪਏ ਦੀ ਗਲਾਡਾ ਪਾਸੋਂ ਖਰੀਦੀ ਗਈ ਹੈ।ਇਸ ਜਮੀਨ ਤੇ ਉਸਾਰੀ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਅਤੇ ਮਹੀਨਾ ਨਵੰਬਰ 2016 ਤੱਕ ਮੁਕੰਮਲ ਹੋ ਜਾਵੇਗਾ।

4) **ਜਲੰਧਰ:** ਜਲੰਧਰ ਡਿਵੈਲਪਮੈਂਟ ਅਥਾਰਟੀ ਵਲੋਂ 120 ਫੁੱਟ ਰੋਡ ਬਸਤੀ ਸ਼ੇਖ ਜਲੰਧਰ ਵਿਖੇ ਬੋਰਡ ਨੂੰ ਸਕਿਲ ਡਿਵੈਲਪਮੈਂਟ ਸੈਂਟਰ ਲਈ ਜਮੀਨ ਰਕਬਾ 2.16 ਏਕੜ ਅਲਾਟ ਕਰਨ ਲਈ earmark ਕੀਤੀ ਗਈ ਹੈ।ਇਸ ਜਮੀਨ ਦੀ ਕੀਮਤ ਪਹਿਲਾਂ ਡਿਪਟੀ ਕਮਿਸ਼ਨਰ, ਜਲੰਧਰ ਵਲੋਂ 22,000/- ਪ੍ਰਤੀ ਵ.ਗ ਨਿਰਧਾਰਿਤ ਕੀਤੀ ਗਈ ਸੀ।ਬੋਰਡ ਵਲੋਂ ਬਾਕੀ ਥਾਂਵਾ ਤੋਂ ਖਰੀਦੀ ਜਮੀਨ ਨਾਲੋਂ ਇਸ ਜਮੀਨ ਦੀ ਕੀਮਤ ਜਿਆਦਾ ਹੋਣ ਕਾਰਨ ਮਾਮਲਾ ਪੁੱਡਾ ਨਾਲ ਦੁਬਾਰਾ ਟੇਕਅਪ ਕੀਤਾ ਗਿਆ ਸੀ ਜਿਸ ਦੇ ਸਿ਼ਟੇ ਵਜੋਂ ਹੁਣ ਮਿਤੀ 1.2.2016 ਨੂੰ ਹੋਈ ਪਰਾਈਜ਼ ਫਿਕਸ਼ੇਸ਼ਨ ਕਮੇਟੀ ਦੀ ਮੀਟਿੰਗ ਵਿਚ ਇਸ ਸਾਈਟ ਦੀ ਇੰਸੀਚਿਟਿਉਸ਼ਨਲ ਰਿਜ਼ਰਵ ਕੀਮਤ 9077/- ਰੁਪਏ ਪ੍ਰਤੀ ਵ.ਗ ਨਿਰਧਾਰਿਤ ਕਰਨ ਦਾ ਫੈਸਲਾ ਕੀਤਾ ਗਿਆ ਹੈ ਜਿਸ ਦੀ ਪ੍ਰਵਾਨਗੀ ਲੈਣ ਲਈ ਉਨਾਂ ਵਲੋਂ ਕੇਸ ਅਪਣੇ ਸਦਰ ਦਫਤਰ ਵਿਖੇ ਭੇਜਿਆ ਜਾ ਰਿਹਾ ਹੈ।

ਮੈਂਬਰ ਸਾਹਿਬਾਨ ਵਲੋਂ ਇਸ ਨਾਲ ਸੰਤੁਸ਼ਟੀ ਪ੍ਰਗਟ ਕੀਤੀ ਗਈ।

| | |
|---|---|
| 17ਵੀਂ ਮੀਟਿੰਗ ਅਜੰਡਾ ਆਈਟਮ ਨੰ: 9 | **ਰਾਜ ਵਿੱਚ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਦੀ ਉਸਾਰੀ ਸਬੰਧੀ ਮੋਜੂਦਾ ਸਥਿਤੀ ਬਾਰੇ।** |

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਸਕੱਤਰ ਬੋਰਡ ਵਲੋਂ ਮਿਤੀ 30.12.2015 ਨੂੰ ਸ੍ਰੀ ਪ੍ਰਿਆਂਕ ਭਾਰਤੀ, ਆਈ.ਏ.ਐਸ, ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ ਪੰਜਾਬ ਨਾਲ ਮੀਟਿੰਗ ਕਰਕੇ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਦੀ ਉਸਾਰੀ ਸਬੰਧੀ ਵਿਸਥਾਰਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਉਪਰੰਤ ਸਥਾਨਕ ਸਰਕਾਰ ਵਿਭਾਗ ਪੰਜਾਬ ਨੂੰ ਪੱਤਰ ਨੰ: 527 ਮਿਤੀ 14.1.2016 ਰਾਹੀਂ ਵੀ ਮਾਮਲਾ ਟੇਕ ਅਪ ਕੀਤਾ ਗਿਆ ਹੈ ਅਤੇ ਬੇਨਤੀ ਕੀਤੀ ਗਈ ਹੈ ਕਿ ਜਿਨ੍ਹਾਂ ਸਾਈਟਾਂ ਤੇ ਉਸਾਰੀ ਕਰਨੀ ਅਸੰਭਵ ਹੈ ਉਨ੍ਹਾਂ ਦੀ ਥਾਂ ਬਦਲੀਆਂ ਸਾਈਟਾਂ ਉਪਲਬਧ ਕਰਵਾਉਣ।

ਮੌਕੇ ਤੇ ਸਥਾਨਕ ਸਰਕਾਰ ਵਿਭਾਗ ਦੇ ਪ੍ਰਤੀਨਿਧ ਸ੍ਰੀ ਮਨਮੋਹਨ ਸਿੰਘ, ਇੰਜੀਨਿਅਰ ਇਨ ਚੀਫ ਵਲੋਂ ਦਸਿਆ ਗਿਆ ਕਿ ਲੇਬਰ ਸ਼ੈਡਾਂ ਦੀ ਉਸਾਰੀ ਲਈ ਬਦਲਵੀਆਂ ਥਾਂਵਾਂ ਜਲਦੀ ਹੀ ਉਪਲਬੱਧ ਕਰਵਾ ਦਿਤੀਆਂ ਜਾਣਗੀਆਂ। ਉਨਾਂ ਵਲੋਂ ਇਹ ਵੀ ਕਿਹਾ ਗਿਆ ਕਿ ਜਲੰਧਰ ਵਿਖੇ ਵੀ ਲੇਬਰ ਸੈਂਡ ਕਮ ਨਾਈਟ ਸ਼ੈਲਟਰ ਲਈ ਥਾਂ ਉਪਲੱਬਧ ਕਰਵਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਵਿਚਾਰ ਵਟਾਂਦਰੇ ਦੋਰਾਨ ਸ੍ਰੀ ਕਰਤਾਰ ਸਿੰਘ ਰਾਠੋਰ ਵਲੋਂ ਕਿਹਾ ਗਿਆ ਕਿ ਬਠਿੰਡਾ ਵਿਖੇ ਉਸਾਰੀ ਕਿਰਤੀਆਂ ਦੀ ਗਿਣਤੀ ਕਾਫੀ ਜਿਆਦਾ ਹੈ ਅਤੇ ਇਸ ਲਈ ਉਥੇ ਵੀ ਲੇਬਰ ਸ਼ੈਡ ਤੁਰੰਤ ਬਣਾਇਆ ਜਾਣਾ ਚਾਹੀਦਾ ਹੈ। ਮੌਕੇ ਤੇ ਸ੍ਰੀ ਮਨਮੋਹਨ ਸਿੰਘ, ਇੰਜੀਨਿਅਰ ਇੰਨ ਚੀਫ ਵਲੋਂ ਕਿਹਾ ਗਿਆ ਕਿ ਇਸ ਮੰਤਵ ਲਈ ਉਨਾਂ ਵਲੋਂ ਬਠਿੰਡਾ ਵਿਖੇ ਵੀ ਜਗ੍ਹਾ ਉਪਲਬੱਧ ਕਰਵਾ ਦਿਤੀ ਜਾਵੇਗੀ।

**19ਵੀਂ ਮੀਟਿੰਗ ਅਜੰਡਾ ਆਈਟਮ ਨੰ:6** **ਪੰਜਾਬ ਬਿਲਡਿੰਗ ਐਂਡ ਕੰਸਟਰਕਸ਼ਨ ਵਰਕਰਜਂ ਵੈਲਫੇਅਰ ਬੋਰਡ ਦੀ ਭਗਤ ਪੂਰਣ ਸਿੰਘ ਸਿਹਤ ਬੀਮਾ ਯੋਜਨਾ ਚਾਲੂ ਕਰਨ ਬਾਰੇ।**

ਮੈਂਬਰ ਸਕੱਤਰ ਵਲੋਂ ਦਸਿਆ ਗਿਆ ਕਿ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵਲੋਂ ਮਿਤੀ 18.1.2016 ਨੂੰ ਟੈਂਡਰ ਖੋਲ੍ਹੇ ਗਏ ਅਤੇ ਮੈਸ: ਯੂਨਾਇਟਿਡ ਇੰਡੀਆ ਇੰਸ਼ੋਰੈਂਸ ਜਿਨ੍ਹਾਂ ਦੀ ਬਿੱਡ 220/- ਰੁ. ਪ੍ਰਤੀ ਪ੍ਰੀਵਾਰ ਪ੍ਰਤੀ ਸਾਲ ਸਭ ਤੋਂ ਘੱਟ ਸੀ, ਨੂੰ ਪ੍ਰਵਾਨ ਕਰ ਲਿਆ ਗਿਆ ਹੈ। ਮੌਕੇ ਤੇ ਡਿਪਟੀ ਸਕੱਤਰ ਬੋਰਡ ਵਲੋ ਦਸਿਆ ਗਿਆ ਕਿ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵਲੋਂ ਵਿਸ਼ਵਾਸ ਦਵਾਇਆ ਗਿਆ ਹੈ ਕਿ ਇਸ ਸਕੀਮ ਅਧੀਨ ਬੀਮਾ ਕੰਪਨੀ ਵਲੋਂ ਮਿਤੀ 22.02.16 ਤੋਂ ਉਸਾਰੀ ਕਿਰਤੀਆਂ ਦੀ enrolment ਕਰਨੀ ਚਾਲੂ ਕਰ ਦਿਤੀ ਜਾਵੇਗੀ। ਇਸ ਨਾਲ ਮੈਂਬਰ ਸਾਹਿਬਾਨ ਵਲੋਂ ਸੰਤੁਸ਼ਟੀ ਪ੍ਰਗਟ ਕੀਤੀ ਗਈ।

**19ਵੀਂ ਮੀਟਿੰਗ ਦੀ ਅਜੰਡਾ ਆਈਟਮ ਨੰ:8** **ਬੋਰਡ ਵਲੋਂ ਬਣਾਏ ਗਏ ਲੇਬਰ ਸੈਡ ਕਮ ਨਾਈਟ ਸੈਲਟਰਾਂ ਦੀ ਸਾਂਭ ਸੰਭਾਲ ਕਰਨ ਬਾਰੇ।**

ਮੈਂਬਰ ਸਕੱਤਰ ਵਲੋਂ ਦਸਿਆ ਗਿਆ ਬੋਰਡ ਦੇ ਫੈਸਲੇ ਅਨੁਸਾਰ ਮੈਨੇਜਿੰਗ ਡਾਇਰੈਕਟਰ, ਪੰਜਾਬ ਪੁਲੀਸ ਹਾਉਸਿੰਗ ਕਾਰਪੋਰੇਸ਼ਨ ਮੁਹਾਲੀ ਨੂੰ ਇਸ ਦਫਤਰ ਦੇ ਪੱਤਰ ਨੰ: 765 ਮਿਤੀ 22.1.2016 ਰਾਹੀਂ ਲਿਖਿਆ ਗਿਆ ਹੈ ਕਿ ਰਾਜ ਵਿੱਚ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਦੀ ਸਾਂਭ-ਸੰਭਾਲ ਲਈ ਬੋਰਡ ਅਤੇ ਕਾਰਪੋਰੇਸ਼ਨ ਵਿਚਕਾਰ ਕੀਤੇ ਜਾਣ ਵਾਲੇ ਐਮ.ਓ.ਯੂ ਦਾ ਖਰੜਾ ਭੇਜਿਆ ਜਾਵੇ ਤਾਂ ਜ਼ੋ ਉਸ ਅਨੁਸਾਰ ਮੁਕੰਮਲ ਹੋਏ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਦੀ ਸਾਂਭ-ਸੰਭਾਲ ਦਾ ਕੰਮ ਉਨ੍ਹਾਂ ਨੂੰ ਸੋਂਪਿਆ ਜਾ ਸਕੇ। ਲੇਕਿਨ ਅਜੇ ਕਾਰਪੋਰੇਸ਼ਨ ਦੇ ਉੱਤਰ ਦੀ ਉਡੀਕ ਹੈ ਜੀ।

ਇਸ ਮੱਦ ਬਾਰੇ ਵਿਚਾਰ ਵਟਾਂਦਰੇ ਦੌਰਾਨ ਕਿਰਤੀਆਂ ਦੇ ਪ੍ਰਤੀਨਿਧ ਸ੍ਰੀ ਕਰਤਾਰ ਸਿੰਘ ਰਾਠੋਰ ਅਤੇ ਸਥਾਨਕ ਸਰਕਾਰ ਵਿਭਾਗ ਦੇ ਪ੍ਰਤੀਨਿਧ ਸ੍ਰੀ ਮਨਮੋਹਨ ਸਿੰਘ ਵਲੋਂ ਸੁਝਾਅ ਦਿਤਾ ਗਿਆ ਕਿ ਲੇਬਰ ਸ਼ੈਡ ਕਮ ਨਾਈਟ ਸ਼ੈਲਟਰਾਂ ਦੀ ਸਾਂਭ ਸੰਭਾਲ ਦਾ ਕੰਮ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਨੂੰ ਦੇਣ ਦੀ ਬਜਾਏ, ਬੋਰਡ ਵਲੋਂ ਲੋੜੀਂਦੇ ਕਰਮਚਾਰੀ ਮਿਨਿਮਮ ਵੇਜਿਜ਼ ਅਧਾਰ ਤੇ ਰੱਖ ਕੇ ਖੁੱਦ ਆਪਣੀ ਪੱਧਰ ਤੇ ਕਰਨਾ ਚਾਹੀਦਾ ਹੈ।ਉਨਾਂ ਦਾ ਸੁਝਾਅ ਸੀ ਕਿ ਜੇਕਰ ਬੋਰਡ ਸਾਂਭ ਸੰਭਾਲ ਦਾ ਇਹ ਕੰਮ ਆਪਣੀ ਪੱਧਰ ਤੇ ਕਰਦਾ ਹੈ ਤਾਂ ਇਸ ਨਾਲ ਇਕ ਤਾਂ ਪਬਲਿਕ ਵਿਚ ਬੋਰਡ ਦੇ ਨਾਲ ਨਾਲ ਕਿਰਤ ਵਿਭਾਗ ਦੇ ਨਾਂਅ ਦਾ ਪ੍ਰਚਾਰ ਹੋਵੇਗਾ; ਦੂਜੇ ਬੋਰਡ ਵਲੋਂ ਇਨ੍ਹਾਂ ਲੇਬਰ ਸ਼ੈਡ ਕਮ ਨਾਈਟ ਸ਼ੈਲਟਰਾਂ ਨੂੰ ਉਸਾਰੀ ਕਿਰਤੀਆਂ ਦੀ ਰਜਿਸਟਰੇਸ਼ਨ ਦੇ ਮੰਤਵ ਲਈ ਰਜਿਸਟਰੇਸ਼ਨ ਕੈਂਪ ਵਜੋਂ ਅਸਾਨੀ ਨਾਲ ਵਰਤਿਆ ਜਾ ਸਕੇਗਾ।ਵਿਚਾਰ ਵਟਾਂਦਰੇ ਉਪਰੰਤ ਮੈਂਬਰ ਸਾਹਿਬਾਨ ਵਲੋਂ ਸੁਝਾਅ ਦਿਤਾ ਗਿਆ ਕਿ ਇਸ ਮੁੱਦੇ ਸਬੰਧੀ ਬੋਰਡ ਵਲੋਂ ਪਹਿਲਾਂ ਲਏ ਫੈਸਲੇ ਨੂੰ ਰਿਵਿਊ ਕਰਦੇ ਹੋਏ ਅਗਲੀ ਮੀਟਿੰਗ ਵਿਚ ਮੁੜ ਤਜਵੀਜ ਪੇਸ਼ ਕੀਤੀ ਜਾਵੇ ਤਾਂ ਜ਼ੋ ਉਸ ਅਨੁਸਾਰ ਯੋਗ ਫੈਸਲਾ ਲਿਆ ਜਾ ਸਕੇ।ਬੋਰਡ ਵਲੋਂ ਇਸ ਨਾਲ ਸਹਿਮਤੀ ਪ੍ਰਗਟ ਕੀਤੀ ਗਈ।

19$^{ਵੀ}$ **ਮੀਟਿੰਗ**
**ਸਪਲੀਮੈਂਟਰੀ ਅਜੰਡਾ** **ਬੋਰਡ ਦੀ ਵਜੀਫਾ ਸਕੀਮ ਵਿਚ ਸੋਧ ਕਰਨ ਬਾਰੇ।**
**ਆਈਟਮ ਨੰ:1**

ਮੈਂਬਰ ਸਕੱਤਰ ਵਲੋਂ ਦਸਿਆ ਗਿਆ ਕਿ ਬੋਰਡ ਵਲੋਂ ਲਏ ਫੈਸਲੇ ਅਨੁਸਾਰ ਮਿਤੀ 1.04.2016 ਤੋਂ ਪ੍ਰਵਾਨਤ ਸੋਧਾਂ ਅਨੁਸਾਰ ਲਾਭਪਾਤਰੀਆਂ ਨੂੰ ਵਜੀਫਾ ਸਕੀਮ ਦੇ ਲਾਭ ਦੁਆਉਣ ਲਈ ਖੇਤਰੀ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕਰ ਦਿਤੇ ਗਏ ਹਨ।ਇਸ ਨਾਲ ਮੈਂਬਰ ਸਾਹਿਬਾਨ ਵਲੋਂ ਸੰਤੁਸ਼ਟੀ ਪ੍ਰਗਟ ਕੀਤੀ ਗਈ।

ਮੌਕੇ ਤੇ ਸ੍ਰੀ ਕਰਤਾਰ ਸਿੰਘ ਰਾਠੋਰ ਵਲੋਂ ਕਿਹਾ ਗਿਆ ਕਿ ਬੋਰਡ ਵਲੋਂ ਵੱਖ-ਵੱਖ ਭਲਾਈ ਸਕੀਮਾਂ ਅਧੀਨ ਲਾਭਪਾਤਰੀਆਂ ਨੂੰ ਸਾਲ ਦੋਰਾਨ ਜੋ ਲਾਭ ਵੰਡੇ ਗਏ ਹਨ, ਉਨਾਂ ਦੇ ਵੇਰਵੇ ਬੋਰਡ ਦੀ ਮੀਟਿੰਗ ਵਿਚ ਇਕ ਵਾਰ ਜਾਣਕਾਰੀ ਲਈ ਜਰੂਰ ਪੇਸ਼ ਕੀਤੇ ਜਾਣੇ ਚਾਹੀਦੇ ਹਨ।ਉਨਾਂ ਵਲੋਂ ਇਹ ਵੀ ਦਸਿਆ ਗਿਆ ਕਿ ਉਹਨਾ ਦੀ ਜਾਣਕਾਰੀ ਅਨੁਸਾਰ ਆਂਧਰਾ ਪ੍ਰਦੇਸ਼ ਵਿਚ ਲਾਭਪਾਤਰੀਆਂ ਨੂੰ ਭਲਾਈ ਸਕੀਮਾਂ ਅਧੀਨ ਲਾਭ ਵੰਡਣ ਦਾ ਤਰੀਕਾ ਕਾਫੀ ਪਾਰਦਰਸ਼ੀ ਹੈ। ਉਹਨਾ ਵਲੋਂ ਇਹ ਵੀ ਕਿਹਾ ਗਿਆ ਕਿ ਉਹ ਆਂਧਰਾ ਪ੍ਰਦੇਸ਼ ਦੀ ਪਾਲਿਸੀ ਦੀ ਕਾਪੀ ਪ੍ਰਾਪਤ ਕਰਕੇ ਬੋਰਡ ਨੂੰ ਭੇਜ ਦੇਣਗੇ। ਮੈਂਬਰ ਸਾਹਿਬਾਨ ਵਲੋਂ ਕਿਹਾ ਗਿਆ ਕਿ ਸ੍ਰੀ ਰਾਠੋਰ ਆਂਧਰਾ ਪ੍ਰਦੇਸ਼ ਦੀ ਜੋ ਪਾਲਿਸੀ ਦੇਣਗੇ,ਉਸਨੂੰ ਸਟਡੀ ਕੀਤਾ ਜਾਵੇ ਤਾਂ ਜੋ ਉਸਨੂੰ ਪੰਜਾਬ ਬੀ.ਓ.ਸੀ.ਡਬਲਿਯੂ ਬੋਰਡ ਵਿਚ ਲਾਗੂ ਕਰਨ ਲਈ ਵਿਚਾਰ ਕੀਤਾ ਜਾ ਸਕੇ।

19$^{ਵੀ}$ **ਮੀਟਿੰਗ**
**ਸਪਲੀਮੈਂਟਰੀ ਅਜੰਡਾ** **ਬੋਰਡ ਦੇ ਸਦਰ ਦਫਤਰ ਅਤੇ ਸਹਾਇਕ ਕਿਰਤ ਕਮਿਸ਼ਨਰ ਪਟਿਆਲਾ ਦੇ ਦਫਤਰ ਵਿਚ**
**ਆਈਟਮ ਨੰ:4** **ਸੇਵਾਦਾਰ ਦੀ ਅਸਾਮੀ ਸਿਫ਼ਟ ਕਰਨ ਬਾਰੇ।**

ਇਸ ਅੰਜਡਾ ਆਈਟਮ ਤੇ ਵਿਚਾਰ ਵਟਾਂਦਰੇ ਦੋਰਾਨ ਬੋਰਡ ਵਲੋਂ ਮਿਤੀ 23.12.2015 ਨੂੰ 19ਵੀਂ ਮੀਟਿੰਗ ਵਿੱਚ ਲਏ ਫੈਸਲੇ ਨੂੰ ਰਿਵਿਊ ਕਰਦੇ ਹੋਏ ਸਹਾਇਕ ਕਿਰਤ ਕਮਿਸ਼ਨਰ ਪਟਿਆਲਾ ਦੇ ਦਫਤਰ ਵਿਚੋਂ ਸੇਵਾਦਾਰ ਦੀ ਅਸਾਮੀ ਨੂੰ ਵਾਪਸ ਮੋਗਾ ਵਿਖੇ ਸ਼ਿਫਟ ਕਰਕੇ, ਕਰਮਚਾਰੀ ਸ੍ਰੀ ਜਗਮੀਤ ਸਿੰਘ ਦੀ ਪਟਿਆਲਾ ਤੋਂ ਬਦਲੀ ਕੈਂਸਲ ਕਰਨ ਅਤੇ ਉਸ ਨੂੰ ਮੁੱੜ ਮੋਗਾ ਵਿਖੇ ਤੈਨਾਤ ਕਰਨ ਦੀ ਪ੍ਰਵਾਨਗੀ ਦਿਤੀ ਗਈ।

19$^{ਵੀ}$ **ਮੀਟਿੰਗ**
**ਜਨਰਲ**

ਮੈਂਬਰ ਸਕੱਤਰ ਵਲੋਂ ਇਹ ਦਸਿਆ ਗਿਆ ਕਿ ਬੋਰਡ ਵਲੋਂ ਨਿਰਮਾਣ ਕਾਰਜਾਂ ਵਿਚ ਕੰਮ ਕਰਦੇ ਰਜਿਸਟਰਡ ਲਾਭਪਾਤਰੀਆਂ ਦੀਆਂ ਬੀਮਾਰੀਆਂ ਦੇ ਟੈਸਟ ਕਰਨ ਲਈ ਫੈਕਟਰੀ ਡਾਇਰੈਕਟੋਰੇਟ ਦੇ ਸਹਿਯੋਗ ਨਾਲ ਮੋਬਾਇਲ ਲੈਬ ਸਕੀਮ ਚਲਾਈ ਜਾ ਰਹੀ ਹੈ। ਇਸ ਮੁੱਦੇ ਬਾਰੇ ਇਸ ਦਫਤਰ ਦੇ ਪੱਤਰ ਨੰ: ਬਕਵਵਬ/ਸ-2/ਮੋਬਾਈਲ ਵੈਨ/2015/7679 ਮਿਤੀ 21.12.2015 ਰਾਹੀਂ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਮੁਹਾਲੀ ਨੂੰ ਲਿਖਿਆ ਗਿਆ ਹੈ ਕਿ ਕਿਉਂਕਿ ਉਨ੍ਹਾਂ ਦੇ ਵਿਭਾਗ ਪਾਸ ਮੈਡੀਕਲ ਵੈਨ, ਡਾਕਟਰੀ ਅਮਲਾ, ਪੈਰਾ ਮੈਡੀਕਲ ਅਮਲਾ ਅਤੇ ਹੋਰ ਮੈਡੀਕਲ ਸੁਵਿਧਾਵਾਂ ਪ੍ਰਦਾਨ ਕਰਨ ਲਈ ਮੈਡੀਕਲ ਯੰਤਰ ਉਪਲਬਧ ਹਨ ਜਿਨ੍ਹਾਂ ਰਾਹੀਂ ਰਾਜ ਦੇ ਸਾਰੇ ਜਿਲ੍ਹਿਆਂ ਦੀਆਂ ਉਸਾਰੀ ਸਾਈਟਾਂ ਵਿੱਚ ਕੰਮ ਕਰਦੇ ਉਸਾਰੀ ਕਿਰਤੀਆਂ ਦਾ ਮੋਕੇ ਤੇ ਮੈਡੀਕਲ ਮੁਆਇਨਾ ਕੀਤਾ ਜਾ ਸਕਦਾ ਹੈ। ਉਸਾਰੀ ਕਿਰਤੀਆਂ ਲਈ ਬੋਰਡ ਦੀ ਤਰਫੋਂ ਇਸ ਸਕੀਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜੇਕਰ ਉਨ੍ਹਾਂ ਦੇ ਵਿਭਾਗ ਵਲੋਂ ਹਰੇਕ ਜਿਲ੍ਹੇ ਵਿੱਚ ਇਕ ਇਕ ਮੋਬਾਈਲ ਵੈਨ ਸਮੇਤ ਲੋੜੀਂਦਾ ਅਮਲਾ ਮੁਹੱਈਆ ਕਰਵਾਇਆ ਜਾਂਦਾ ਹੈ, ਤਾਂ ਇਸ ਸਬੰਧੀ ਹੋਣ ਵਾਲਾ ਖਰਚਾ ਬੋਰਡ ਵਲੋਂ ਦਿਤਾ ਜਾ ਸਕਦਾ ਹੈ। ਬੋਰਡ ਵਲੋਂ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨੂੰ ਇਹ ਵੀ ਬੇਨਤੀ ਕੀਤੀ ਗਈ ਹੈ ਕਿ ਅਜਿਹੀ ਤਜਵੀਜਤ ਸਕੀਮ ਦੇ ਵੇਰਵੇ ਭਾਵ ਮੈਨ-ਪਾਵਰ, ਮੈਡੀਕਲ ਵੈਨ ਅਤੇ ਇਲਾਜ ਆਦਿ ਬਾਰੇ ਵਿਸਥਾਰ ਪੂਰਵਕ ਰੂਪ ਰੇਖਾ ਬੋਰਡ ਦਫਤਰ ਨੂੰ ਭੇਜੀ ਜਾਵੇ। ਉਪਰੋਕਤ ਤਜਵੀਜ ਨੂੰ ਮੁੱਖ ਰੱਖਦੇ ਹੋਏ ਸਲਾਹਕਾਰ ਜੀ ਨਾਲ ਮੁੜ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਹੁਣ ਬੋਰਡ ਵਲੋਂ ਆਪਣੀ ਪੱਧਰ ਤੇ ਇਕ ਹੋਰ ਮੋਬਾਈਲ ਵੈਨ ਖਰੀਦਣ ਸਬੰਧੀ ਫੈਸਲੇ ਦੀ ਉਚਿੱਤਤਾ ਬਾਰੇ ਦੁਬਾਰਾ ਘੋਖਣਾ ਬਣਦਾ ਹੈ।

ਇਸ ਮੱਦ ਤੇ ਵਿਚਾਰ ਵਟਾਂਦਰੇ ਦੋਰਾਨ ਕੁਝ ਮੈਂਬਰ ਸਾਹਿਬਾਨ ਵਲੋਂ ਸੁਝਾਅ ਦਿਤਾ ਗਿਆ ਕਿ ਇਹ ਸਕੀਮ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਰਾਹੀਂ ਚਲਾਉਣ ਦੀ ਬਜਾਏ, ਬੋਰਡ ਨੂੰ ਅਪਣੇ ਪਧੱਰ ਤੇ ਸਟਾਫ/ਇਨਫਰਾਸਟਰਕਚਰ ਰੱਖ ਕੇ ਖੁੱਦ ਚਲਾਉਣੀ ਚਾਹੀਦੀ ਹੈ।ਵਿਚਾਰ ਵਟਾਂਦਰੇ ਉਪਰੰਤ ਇਹ ਤਹਿ ਹੋਇਆ ਕਿ ਇਸ ਮੁੱਦੇ ਤੇ ਮੁੜ ਵਿਚਾਰ ਕਰਕੇ ਵਿਸਥਾਰਪੂਰਵਕ ਤਜਵੀਜ ਬੋਰਡ ਦੀ ਅਗਲੀ ਮੀਟਿੰਗ ਵਿਚ ਪੇਸ਼ ਕੀਤੀ ਜਾਵੇ ਤਾਂ ਜੋ ਉਸ ਅਨੁਸਾਰ ਯੋਗ ਫੈਸਲਾ ਲਿਆ ਜਾ ਸਕੇ।

**20ਵੀਂ ਮੀਟਿੰਗ ਅਜੰਡਾ ਆਈਟਮ ਨੰ:3** — **ਮਿਤੀ 1.4.2015 ਤੋਂ 31.1.2016 (ਵਿੱਤੀ ਸਾਲ 2015-16) ਦੋਰਾਨ ਬੋਰਡ ਦੇ ਆਮਦਨ ਅਤੇ ਖਰਚੇ ਦੀ ਸਥਿਤੀ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਮਿਤੀ 1.4.2015 ਤੋਂ 31.1.2016 ਤਕ ਬੋਰਡ ਦੀ ਆਮਦਨ ਅਤੇ ਖਰਚੇ ਦੀ ਸਥਿਤੀ ਬਾਰੇ ਸੰਤੁਸਟੀ ਪ੍ਰਗਟ ਕੀਤੀ ਗਈ।

**20ਵੀਂ ਮੀਟਿੰਗ ਅਜੰਡਾ ਆਈਟਮ ਨੰ:4** — **ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ ਵੈਲਫੇਅਰ ਬੋਰਡ ਲਈ ਨਵੀਂ ਇਨੋਵਾ ਗੱਡੀ ਦੀ ਖਰੀਦ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਬੋਰਡ ਦੇ ਦਫਤਰ ਲਈ ਇਕ ਇਨੋਵਾ ਸਟਾਫ ਕਾਰ (ਡੀਜ਼ਲ), ਟਾਪ ਮਾੱਡਲ ਨੂੰ ਛੱਡ ਕੇ ਹੇਠਲੇ ਮਾੱਡਲ ਦੀ ਗੱਡੀ ਡੀ.ਜੀ.ਐਸ.ਡੀ ਰੇਟ ਤੇ ਨਿਯਮਾਂ ਅਨੁਸਾਰ ਖ੍ਰੀਦ ਕਰਨ ਦੀ ਪ੍ਰਵਾਨਗੀ ਦਿਤੀ ਗਈ।ਇਸ ਦੇ ਨਾਲ ਹੀ ਬੋਰਡ ਵਲੋਂ ਇਸ ਗੱਡੀ ਲਈ ਇਕ ਡਰਾਈਵਰ ਦੀ ਨਵੀਂ ਅਸਾਮੀ create ਕਰਨ ਦੀ ਵੀ ਪ੍ਰਵਾਨਗੀ ਦਿਤੀ ਗਈ। ਗੱਡੀ ਦੀ ਖ੍ਰੀਦ ਕਰਨ ਲਈ ਬੋਰਡ ਵਲੋਂ ਬੋਰਡ ਦੇ ਸਾਲ 2015-16 ਦੇ ਬਜਟ ਵਿੱਚ 15 ਲੱਖ ਰੁਪਏ ਦਾ ਬਜਟ ਉਪਬੰਧ ਵੀ ਕਰਨ ਬਾਰੇ ਸਹਿਮਤੀ ਪ੍ਰਗਟ ਕੀਤੀ ਗਈ।

ਬੋਰਡ ਵਲੋਂ ਡਰਾਇਵਰ ਦੀ ਅਸਾਮੀ ਤੇ ਉਮੀਦਵਾਰ ਦੀ ਭਰਤੀ ਪੈਸਕੋ ਰਾਹੀਂ ਠੇਕੇ ਦੇ ਅਧਾਰ ਤੇ ਕਰਨ ਦੀ ਪ੍ਰਵਾਨਗੀ ਦਿੰਦੇ ਹੋਏ ਇਹ ਵੀ ਕਿਹਾ ਗਿਆ ਕਿ ਇਸ ਅਸਾਮੀ ਤੇ ਭਰਤੀ ਦੀ ਪ੍ਰੀਕ੍ਰਿਆ ਸ਼ੁਰੂ ਕਰਨ ਤੋਂ ਪਹਿਲਾਂ ਪੰਜਾਬ ਸਰਕਾਰ, ਵਿੱਤ ਵਿਭਾਗ ਦੇ ਪੱਤਰ ਨੰ: 5/41/2009-5ਵਿਪਪਤ/482698/1 ਮਿਤੀ 12.5.2015 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਵਿੱਤ ਵਿਭਾਗ ਦੀ ਪੂਰਵ ਪ੍ਰਵਾਨਗੀ ਵੀ ਲੈ ਲਈ ਜਾਵੇ।

**ਅਜੰਡਾ ਆਈਟਮ ਨੰ:5** — **ਉਸਾਰੀ ਕਿਰਤੀਆਂ ਦੇ ਹੁਨਰ ਵਿਚ ਬੜੋਤਰੀ ਲਿਆਉਣ ਲਈ ਉਸਾਰੀ ਵਾਲੀ ਥਾਂ ਤੇ Recognition of Prior Learning (RPL) ਦੇ concept ਤੇ ਅਧਾਰਿਤ ਟ੍ਰੇਨਿੰਗ ਦੇਣ ਲਈ ਟ੍ਰੇਨਿੰਗ ਭੱਤਾ ਦੇਣ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਜੇਕਰ ਉਸਾਰੀ ਕਿਰਤੀ ਅਪਣੀ ਡਿਊਟੀ ਸਮੇਂ ਜਾਂ ਅਪਣੀ ਡਿਊਟੀ ਤੋਂ ਬਾਅਦ ਆਰ.ਪੀ.ਐਲ ਟ੍ਰੇਨਿੰਗ ਲੈਂਦਾ ਹੈ, ਉਸ ਨੂੰ 35/- ਰੁਪਏ ਪ੍ਰਤੀ ਘੰਟਾ ਟ੍ਰੇਨਿੰਗ ਭੱਤਾ ਬੋਰਡ ਵਲੋਂ ਦਿਤਾ ਜਾਵੇਗਾ ਤਾਂ ਜੋ ਵੱਧ ਤੋਂ ਵੱਧ ਉਸਾਰੀ ਕਿਰਤੀ ਇਸ ਸਕੀਮ ਦਾ ਲਾਭ ਉਠਾ ਸਕਣ।

**ਅਜੰਡਾ ਆਈਟਮ ਨੰ: 6** — **ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ ਵੈਲਫੇਅਰ ਬੋਰਡ ਦੇ ਰਜਿਸਟਰਡ ਉਸਾਰੀ ਕਿਰਤੀਆਂ ਲਈ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਰਾਹੀਂ ਭਗਤ ਪੂਰਣ ਸਿੰਘ ਸਿਹਤ ਬੀਮਾ ਯੋਜਨਾ (BPSSBY) ਲਾਗੂ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਉਸਾਰੀ ਕਿਰਤੀਆਂ ਲਈ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਰਾਹੀਂ ਲਾਗੂ ਕੀਤੀ ਜਾਣ ਵਾਲੀ ਭਗਤ ਪੂਰਣ ਸਿੰਘ ਸਿਹਤ ਬੀਮਾ ਯੋਜਨਾ (BPSSBY) ਅਧੀਨ ਇਨਰੋਲਮੈਂਟ ਫੀਸ ਬਾਬਤ ਰੁਪਏ 30/- ਉਸਾਰੀ ਕਿਰਤੀ ਪਾਸੋਂ ਲੈਣ ਦੀ ਬਜਾਏ, ਇਹ ਰਾਸ਼ੀ ਬੋਰਡ ਵਲੋਂ ਹੀ ਅਦਾ ਕਰਨ ਦੀ ਪ੍ਰਵਾਨਗੀ ਦਿਤੀ ਗਈ।

**ਅਜੰਡਾ ਆਈਟਮ ਨੰ: 7** **ਉਸਾਰੀ ਕਿਰਤੀਆਂ ਦੀ ਰਜਿਸਟਰੇਸ਼ਨ ਕਰਨ ਲਈ ਉਸਾਰੀ ਕਿਰਤੀਆਂ ਦਾ ਬਾਇਓਮੀਟਰਿਕ ਡਾਟਾ capture ਕਰਦੇ ਹੋਏ ਉਹਨਾਂ ਦੀ ਰਜਿਸਟਰੇਸ਼ਨ ਵਾਸਤੇ ਕੰਪਿਊਟਰਾਈਜਡ ਸਿਸਟਮ ਡਿਵੈਲਪ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੋਰਾਨ ਕੁਝ ਮੈਂਬਰ ਸਾਹਿਬਾਨ ਵਲੋਂ ਸੁਝਾਅ ਦਿਤਾ ਗਿਆ ਕਿ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਕਰਨ ਲਈ ਉਨਾਂ ਦਾ ਬਾਇਓਮੀਟਰਿਕ ਡਾਟਾ ਕੇਪਚਰ ਕਰਨ ਦੀ ਬਜਾਏ, ਇਸ ਮੰਤਵ ਲਈ ਹਰਇਕ ਕਿਰਤੀ ਦਾ ਆਧਾਰ ਕਾਰਡ ਹੀ ਲਿਆ ਜਾਣਾ ਚਾਹੀਦਾ ਹੈ ਕਿਉਂਕਿ ਮੋਜੂਦਾ ਸਮੇਂ ਆਧਾਰ ਕਾਰਡ ਇਕ ਅਤਿ-ਮਹੱਤਵਪੂਰਣ ਡਾਕੂਮੈਂਟ ਹੈ, ਜਿਸ ਬਾਰੇ ਬੋਰਡ ਵਲੋਂ ਸਰਵ ਸਮਤੀ ਨਾਲ ਸਹਿਮਤੀ ਪ੍ਰਗਟ ਕੀਤੀ ਗਈ।ਜਿਥੋਂ ਤਿਕ ਇਸ ਅਜੰਡਾ ਆਈਟਮ ਵਿਚ ਵਿਭਾਗ ਦੇ ਸਹਾਇਕ ਕਿਰਤ ਕਮਿਸ਼ਨਰਾਂ/ਕਿਰਤ ਤੇ ਸੁਲਾਹ ਅਫਸਰਾਂ ਅਤੇ ਕਿਰਤ ਇਸੰਪੈਕਟਰ ਗ੍ਰੇਡ-1/ਗ੍ਰੇਡ-2 (ਲੇਬਰ ਇਨਫੋਰਸਮੈਂਟ ਅਫਸਰ) ਲਈ ਤਜਬੀਜ ਅਨੁਸਾਰ 53 ਲੇਪਟਾਪ ਖਰੀਦਣ ਅਤੇ ਉਨਾਂ ਨੂੰ 1000/- ਰੁਪਏ ਪ੍ਰਤੀ ਮਹੀਨਾ ਇੰਟਰਨੈਟ ਭੱਤਾ ਦੇਣ ਦਾ ਸਬੰਧ ਹੈ, ਇਸ ਬਾਰੇ ਵਿਚਾਰ ਵਟਾਂਦਰੇ ਦੋਰਾਨ ਮੈਂਬਰ ਸਾਹਿਬਾਨ ਵਲੋਂ ਪ੍ਰੇਖਣ ਕੀਤਾ ਗਿਆ ਕਿ ਇਹ ਸਹੂਲਤਾਂ ਉਪਲਬੱਧ ਕਰਵਾਉਣ ਨਾਲ ਖੇਤਰੀ ਅਧਿਕਾਰੀਆਂ/ਇੰਸਪੈਕਟਰਾਂ ਦੇ ਕੰਮ ਵਿਚ ਵਧੇਰੇ ਤੇਜੀ ਆਉਣ ਦੇ ਨਾਲ-ਨਾਲ, ਉਨਾਂ ਦੇ ਕੰਮ ਵਿਚ ਪਾਰਦਰਸ਼ੀਤਾ ਵੀ ਹੋਣੀ ਸੁਭਾਵਿਕ ਹੈ, ਇਸ ਲਈ ਤਜਵੀਜ ਪ੍ਰਵਾਨ ਕਰਨੀ ਯੋਗ ਹੋਵੇਗੀ।ਬੋਰਡ ਵਲੋਂ ਮੈਂਬਰ ਸਾਹਿਬਾਨ ਦੇ ਸੁਝਾਅ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਬੋਰਡ ਨੂੰ ਤਜਵੀਜ ਅਨੁਸਾਰ 53 ਲੇਪਟਾਪ ਦੀ ਡੀ.ਜੀ.ਐਸ.ਐਂਡ.ਡੀ ਰੇਟ ਕੰਟੇਕਟ ਤੇ ਖ੍ਰੀਦ ਕਰਨ ਦੀ ਪ੍ਰਵਾਨਗੀ ਦਿਤੀ ਗਈ ਅਤੇ ਨਾਲ ਹੀ ਕਿਰਤ ਵਿਭਾਗ ਵਿਚ ਮੋਜੂਦਾ ਸਮੇਂ ਤੈਨਾਤ 53 ਖੇਤਰੀ ਅਧਿਕਾਰੀਆਂ ਨੂੰ 1000/- ਰੁਪਏ ਪ੍ਰਤੀ ਮਹੀਨਾ ਪ੍ਰਤੀ ਅਧਿਕਾਰੀ ਇੰਟਰਨੈਟ ਭੱਤਾ ਦੇਣ ਦੀ ਵੀ ਪ੍ਰਵਾਨਗੀ ਦਿਤੀ ਗਈ।

**ਅਜੰਡਾ ਆਈਟਮ ਨੰ: 8** **ਬੋਰਡ ਦੇ ਸਲਾਹਕਾਰ ਦੇ ਦਫਤਰ ਚੰਡੀਗੜ੍ਹ ਅਤੇ ਸਹਾਇਕ ਕਿਰਤ ਕਮਿਸ਼ਨਰ ਬਠਿੰਡਾ ਦੇ ਦਫਤਰ ਲਈ ਸੇਵਾਦਾਰ ਦੀ ਅਸਾਮੀ ਦੀ ਰਚਨਾ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਬੋਰਡ ਦੇ ਸਲਾਹਕਾਰ ਦੇ ਦਫਤਰ ਚੰਡੀਗੜ ਅਤੇ ਸਹਾਇਕ ਕਿਰਤ ਕਮਿਸ਼ਨਰ, ਬਠਿੰਡਾ ਦੇ ਦਫਤਰ ਲਈ ਇਕ ਇਕ ਸੇਵਾਦਾਰ ਦੀ ਅਸਾਮੀ ਦੀ ਰਚਨਾ ਕਰਨ ਦੀ ਪ੍ਰਵਾਨਗੀ ਦਿੰਦੇ ਹੋਏ, ਇਹ ਅਸਾਮੀਆਂ ਪੈਸਕੋ ਰਾਹੀਂ ਠੇਕੇ ਦੇ ਅਧਾਰ ਤੇ ਭਰਨ ਦੀ ਆਗਿਆ ਦਿਤੀ ਗਈ।ਇਸ ਤੋਂ ਇਲਾਵਾ ਬੋਰਡ ਵਲੋਂ ਇਹ ਵੀ ਕਿਹਾ ਗਿਆ ਹੈ ਕਿ ਇਨ੍ਹਾਂ ਅਸਾਮੀਆਂ ਤੇ ਭਰਤੀ ਦੀ ਪ੍ਰੀਕ੍ਰਿਆ ਸ਼ੁਰੂ ਕਰਨ ਤੋਂ ਪਹਿਲਾਂ ਪੰਜਾਬ ਸਰਕਾਰ, ਵਿੱਤ ਵਿਭਾਗ ਦੇ ਪੱਤਰ ਨੰ: 5/41/2009-5ਵਿਪਪਤ/482698/1 ਮਿਤੀ 12.5.2015 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਵਿੱਤ ਵਿਭਾਗ ਦੀ ਪੂਰਵ ਪ੍ਰਵਾਨਗੀ ਵੀ ਲੈ ਲਈ ਜਾਵੇ।

ਮੈਂਬਰ ਸਾਹਿਬਾਨ ਵਲੋਂ ਇਹ ਵੀ ਪ੍ਰੇਖਣ ਕੀਤਾ ਗਿਆ ਕਿ ਕੰਪਿਊਟਰ ਆਪਰੇਟਰ ਅਤੇ ਸੇਵਾਦਾਰ ਦੀਆਂ ਅਸਾਮੀਆਂ ਜੋ ਕਿ ਗਰੁਪ 'ਬੀ' ਅਤੇ ਗਰੁਪ 'ਡੀ' ਵਿਚ ਆਉਦੀਆਂ ਹਨ, ਦੀ ਰਚਨਾ ਕਰਨ ਸਬੰਧੀ ਬਾਰ-ਬਾਰ ਅਜੰਡਾ ਬੋਰਡ ਦੀ ਮੀਟਿੰਗ ਵਿਚ ਲਿਆਉਣ ਦੀ ਪ੍ਰਕ੍ਰਿਆ ਵਿਚ ਕਾਫੀ ਦੇਰੀ ਹੋ ਜਾਂਦੀ ਹੈ, ਜਦਕਿ ਬੋਰਡ ਦੇ ਕੰਮ ਦੇ ਸਹੀ ਢੰਗ ਨਾਲ ਸੰਚਾਲਨ ਨੂੰ ਮੁੱਖ ਰੱਖਦੇ ਹੋਏ ਲੋੜ ਅਨੁਸਾਰ ਅਜਿਹੀਆਂ ਅਸਾਮੀਆਂ ਦੀ ਰਚਨਾ ਸਕੱਤਰ, ਬੋਰਡ ਵਲੋਂ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਅਪਣੀ ਪੱਧਰ ਤੇ ਕਰਵਾਕੇ, ਉਮੀਦਵਾਰਾਂ ਦੀ ਭਰਤੀ ਠੇਕਾ ਪ੍ਰਣਾਲੀ ਰਾਹੀਂ ਕਰ ਲੈਣੀ ਚਾਹੀਦੀ ਹੈ, ਜਿਸ ਦੀ ਕਾਰਜ-ਬਾਅਦ ਪ੍ਰਵਾਨਗੀ ਬੋਰਡ ਦੀ ਅਗਲੀ ਮੀਟਿੰਗ ਵਿਚ ਲਈ ਜਾ ਸਕਦੀ ਹੈ।ਮੈਂਬਰ ਸਾਹਿਬਾਨ ਦੇ ਸੁਝਾਅ ਨਾਲ ਬੋਰਡ ਵਲੋਂ ਸਰਵ ਸੰਮਤੀ ਨਾਲ ਸਹਿਮਤੀ ਪ੍ਰਗਟ ਕੀਤੀ ਗਈ।

**ਅਜੰਡਾ ਆਈਟਮ ਨੰ: 9** **ਉਸਾਰੀ ਕਿਰਤੀਆਂ ਲਈ ਬੋਰਡ ਵਲੋਂ ਉਸਾਰੇ ਜਾਣ ਵਾਲੇ ਸਕਿਲ ਡਿਵੈਲਪਮੈਂਟ ਟਰੇਨਿੰਗ-ਕਮ-ਵੈਲਫੇਅਰ ਸੈਂਟਰ ਉਸਾਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਫੈਸਲਾ

**ਸਪਲੀਮੈਂਟਰੀ ਅਜੰਡਾ ਆਈਟਮ ਨੰ: 1** **ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿੱਚ 9ਵੀਂ ਤੋਂ 12ਵੀਂ ਕਲਾਸ ਤੱਕ ਪੜ੍ਹਾਈ ਦੋਰਾਨ ਸਾਈਕਲ ਦੀ ਖ੍ਰੀਦ ਲਈ ਸਾਈਕਲ ਸਕੀਮ ਵਿੱਚ ਸੋਧ ਕਰਨ ਬਾਰੇ।**

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੀ ਸਾਈਕਲ ਸਕੀਮ ਬਾਰੇ ਵਿਚਾਰ ਵਟਾਂਦਰੇ ਦੋਰਾਨ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਪ੍ਰੇਖਣ ਕੀਤਾ ਗਿਆ ਹੈ ਕਿ ਮੋਜੂਦਾ ਸਕੀਮ ਵਿੱਚ ਕੇਵਲ ਲਾਭਪਾਤਰੀ ਉਸਾਰੀ ਕਿਰਤੀ ਦੇ ਪੰਜਾਬ ਰਾਜ ਵਿੱਚ 9ਵੀਂ ਤੋਂ 12ਵੀਂ ਕਲਾਸ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਹੀ ਸਾਈਕਲ ਦੇਣ ਦਾ ਪ੍ਰਾਵਧਾਨ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਉਸਾਰੀ ਕਿਰਤੀ ਆਪਣੀ ਡਿਯੂਟੀ ਤੇ ਜਾਣ ਲਈ ਅਕਸਰ ਸਾਈਕਲ ਦਾ ਇਸਤੇਮਾਲ ਕਰਦੇ ਹਨ। ਇਸ ਲਈ ਇਸ ਸਕੀਮ ਵਿੱਚ ਇਸ ਹੱਦ ਤੱਕ ਸੋਧ ਕਰਨ ਦੀ ਲੋੜ ਹੈ ਕਿ ਉਸਾਰੀ ਕਿਰਤੀਆਂ ਦੇ ਬੱਚਿਆਂ ਤੋਂ ਇਲਾਵਾ, ਰਜਿਸਟਰਡ ਕਿਰਤੀਆਂ ਨੂੰ ਆਪਣੇ ਇਸਤੇਮਾਲ ਲਈ ਵੀ ਬੋਰਡ ਵਲੋਂ ਸਾਈਕਲ ਮੁਹੱਈਆ ਕਰਾਇਆ ਜਾਵੇਗਾ। ਲਾਭਪਾਤਰੀਆਂ ਦੇ ਬੱਚਿਆਂ ਲਈ ਬੋਰਡ ਵਲੋਂ ਮੁਫਤ ਸਾਈਕਲ ਮੁਹੱਈਆ ਕਰਵਾਏ ਜਾਣਗੇ ਲੇਕਿਨ ਕਿਰਤੀਆਂ ਨੂੰ ਸਾਈਕਲ ਮੁਹੱਈਆ ਕਰਨ ਲਈ ਸਾਈਕਲ ਦੀ ਕੀਮਤ ਦਾ ਅੱਧਾ ਖਰਚਾ ਕਿਰਤੀ ਅਤੇ ਅੱਧਾ ਖਰਚਾ ਬੋਰਡ ਵਲੋਂ ਕੀਤਾ ਜਾਵੇਗਾ। ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਦਿਤੇ ਸੁਝਾਅ ਅਨੁਸਾਰ ਜੇਕਰ ਸਾਈਕਲ ਸਕੀਮ ਵਿੱਚ ਸੋਧ ਕੀਤੀ ਜਾਂਦੀ ਹੈ ਤਾਂ ਉਸਾਰੀ ਕਿਰਤੀਆਂ ਲਈ ਇਹ ਸਕੀਮ ਕਾਫੀ ਲਾਹੇਵੰਦ ਹੋ ਜਾਵੇਗੀ।

ਇਸ ਮੁੱਦੇ ਬਾਰੇ ਵਿਚਾਰ ਵਟਾਂਦਰੇ ਦੋਰਾਨ ਮਾਨਯੋਗ ਚੇਅਰਮੈਨ ਜੀ ਵਲੋਂ ਵਿਚਾਰ ਪ੍ਰਗਟ ਕੀਤੇ ਗਏ ਕਿ ਭਾਵੇਂ ਰਜਿਸਟਰਡ ਉਸਾਰੀ ਕਿਰਤੀਆਂ ਵਿਚੋਂ ਕੁਝ ਕਿਰਤੀ ਅਪਣੇ ਹਿੱਸੇ ਦੀ ਅੱਧੀ ਕੀਮਤ ਅਦਾ ਕਰਕੇ ਬੋਰਡ ਪਾਸੋਂ **ਸਾਈਕਲ ਸਕੀਮ** ਅਧੀਨ ਸਾਈਕਲ ਲੈਣ ਲਈ ਅਪਣੀ ਸਹਿਮਤੀ ਦੇਣ ਲਈ ਤਿਆਰ ਹੋ ਜਾਣਗੇ, ਲੇਕਿਨ ਇਨਾਂ ਕਿਰਤੀਆਂ ਵਿਚੋਂ ਇਕ ਵੱਡਾ ਵਰਗ ਇਹੋ ਜਿਹਾ ਵੀ ਹੋਵੇਗਾ ਜੋ ਕਿ ਅਪਣੀ ਗਰੀਬੀ ਕਾਰਣ ਸਾਈਕਲ ਦੀ ਅੱਧੀ ਕੀਮਤ ਅਦਾ ਕਰਨ ਵਿਚ ਅਸਮਰਥ ਹੋਵੇ ਅਤੇ ਉਸ ਸੂਰਤ ਵਿਚ ਉਹ ਬੋਰਡ ਦੀ ਸਾਈਕਲ ਸਕੀਮ ਦਾ ਲਾਭ ਨਹੀ ਉਠਾ ਸਕੇਗਾ।ਮਾਨਯੋਗ ਚੇਅਰਮੈਨ ਜੀ ਦਾ ਵਿਚਾਰ ਸੀ ਕਿ ਸਾਈਕਲ ਦੀ ਅਸਲ ਜਰੂਰਤ ਉਸ ਕਿਰਤੀ ਨੂੰ ਹੈ ਜੋ ਅਪਣੀ ਗਰੀਬੀ ਕਾਰਣ ਅਪਣੀ ਡਿਉਟੀ ਤੇ ਪੇਦਲ ਜਾਣ ਲਈ ਮਜਬੂਰ ਹੁੰਦਾ ਹੈ।ਉਨਾਂ ਨੇ ਇਹ ਵੀ ਕਿਹਾ ਕਿ ਕਿਉਂ ਜੋ ਬੋਰਡ ਦਾ ਮੁੱਖ ਮੰਤਵ ਉਸਾਰੀ ਕਿਰਤੀਆਂ ਨੂੰ ਭਲਾਂਈ ਸਕੀਮਾਂ ਅਧੀਨ ਲਾਭ ਮੁਹਈਆ ਕਰਵਾਉਣਾ ਹੈ, ਇਸ ਲਈ ਕਿਰਤੀਆਂ ਪਾਸੋ ਅੱਧੀ ਕੀਮਤ ਲੇਕੇ ਉਨਾਂ ਨੂੰ ਸਾਈਕਲ ਮੁਹਈਆ ਕਰਵਾਉਣ ਦੀ ਕੋਈ ਉਚਿਤਤਾ ਨਹੀ ਬਣਦੀ ਅਤੇ ਇਸ ਸਕੀਮ ਅਧੀਨ ਲੋੜਵੰਦ ਉਸਾਰੀ ਕਿਰਤੀਆਂ ਨੂੰ ਬੋਰਡ ਵਲੋਂ ਮੁਫਤ ਸਾਈਕਲ ਮੁਹਈਆ ਕਰਵਾਇਆ ਜਾਣਾ ਚਾਹੀਦਾ ਹੈ।ਮੈਂਬਰ ਸਾਹਿਬਾਨ ਵਲੋਂ ਸਰਵ ਸੰਮਤੀ ਨਾਲ ਮਾਨਯੋਗ ਚੇਅਰਮੈਨ ਜੀ ਦੇ ਸੁਝਾਅ ਨਾਲ ਸਹਿਮਤੀ ਪ੍ਰਗਟ ਕੀਤੀ ਗਈ, ਜਿਸ ਦੇ ਅਧਾਰ ਤੇ ਬੋਰਡ ਵਲੋਂ ਸਾਈਕਲ ਸਕੀਮ ਅਧੀਨ ਇਸ ਹੱਦ ਤਕ ਸੋਧ ਕਰਨ ਦੀ ਪ੍ਰਵਾਨਗੀ ਦਿਤੀ ਗਈ ਕਿ ਲਾਭਪਾਤਰੀ ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਪ੍ਰਚੱਲਿਤ ਸਾਈਕਲ ਸਕੀਮ ਤੋਂ ਇਲਾਵਾ, ਲੋੜਵੰਦ ੳਸਾਰੀ ਕਿਰਤੀਆਂ ਨੂੰ ਵੀ ਅਪਣੇ ਇਸਤੇਮਾਲ ਲਈ ਬੋਰਡ ਵਲੋਂ ਮੁਫਤ ਸਾਈਕਲ ਮੁਹਈਆ ਕਰਵਾਏ ਜਾਣਗੇ।

ਮੀਟਿੰਗ ਦੇ ਅੰਤ ਵਿਚ ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਮੋਜੂਦਾ ਬੋਰਡ ਦਾ ਗਠਨ ਪੰਜਾਬ ਸਰਕਾਰ ਦੀ ਅਧਿਸੂਚਨਾ ਮਿਤੀ 8.2.2013 ਜੋ ਕਿ ਮਿਤੀ 18.2.2013 ਨੂੰ ਸਰਕਾਰੀ ਗਜਟ ਵਿਚ ਪ੍ਰਕਾਸ਼ਿਤ ਹੋਈ ਸੀ, ਰਾਹੀਂ ਕੀਤਾ ਗਿਆ ਸੀ।ਮੋਜੁਦਾ ਬੋਰਡ ਦੀ 3 ਸਾਲ ਦੀ ਮਿਆਦ ਪੂਰੀ ਹੋਣ ਉਪਰੰਤ ਨਵੇਂ ਬੋਰਡ ਦਾ ਗਠਨ ਕਰਨਾ ਪਵੇਗਾ।ਮੈਂਬਰ ਸਕੱਤਰ ਵਲੋਂ ਇਹ ਵੀ ਕਿਹਾ ਗਿਆ ਕਿ ਬੋਰਡ ਦੀ ਗਤੀਵਿਧੀਆਂ ਦੇ ਸਹੀ ਢੰਗ ਨਾਲ ਸੰਚਾਲਨ ਵਿਚ ਵਿਭਾਗ ਨੂੰ ਮੈਂਬਰ ਸਾਹਿਬਾਨ ਦਾ ਪੂਰਣ ਸਹਿਯੋਗ ਮਿਲਿਆ ਹੈ ਜਿਸ ਲਈ ਵਿਭਾਗ ਮੈਂਬਰ ਸਾਹਿਬਾਨ ਦਾ ਅਤਿ-ਧੰਨਵਾਦੀ ਹੈ।ਮੋਕੇ ਤੇ ਮੈਂਬਰ ਸਕੱਤਰ ਵਲੋਂ ਮਾਨਯੋਗ ਚੇਅਰਮੈਨ ਜੀ ਜੋ ਕਿ ਕਿਰਤ ਮੰਤਰੀ ਵੀ ਹਨ, ਨੂੰ ਬੇਨਤੀ ਕੀਤੀ ਗਈ ਕਿ ਬੋਰਡ ਦੇ ਮੋਜੁਦਾ ਮੈਂਬਰ ਸਾਹਿਬਾਨ ਦੀ ਸਹਿਯੋਗੀ ਕਾਰਗੁਜਾਰੀ ਨੂੰ ਮੁੱਖ ਰੱਖਦੇ ਹੋਏ ਇਨਾਂ ਨੂੰ ਨਵੇਂ ਗਠਿਤ ਹੋਣ ਵਾਲੇ ਬੋਰਡ ਵਿਚ ਸ਼ਾਮਿਲ ਕਰਨ ਬਾਰੇ ਸਰਕਾਰ ਦੀ ਪੱਧਰ ਤੇ ਵਿਚਾਰ ਕਰ ਲੈਣਾ ਯੋਗ ਹੋਵੇਗਾ।ਇਸ ਸਬੰਧੀ ਮਾਨਯੋਗ ਚੇਅਰਮੈਨ ਜੀ ਵਲੋਂ ਵਿਭਾਗ ਦੀ ਪੱਧਰ ਤੇ ਤਜਵੀਜ ਸਰਕਾਰ ਨੂੰ ਭਿਜਵਾਉਣ ਲਈ ਕਿਹਾ ਗਿਆ ਹੈ।

ਮਾਨਯੋਗ ਚੈਅਰਮੈਨ ਜੀ ਦੇ ਧੰਨਵਾਦ ਦੇ ਮਤੇ ਨਾਲ ਮੀਟਿੰਗ ਸਮਾਪਤ ਹੋਈ।